**This Question Paper consists of 24 questions and 7 printed pages.**
**ਇਸ ਪ੍ਰਸ਼ਨ ਪੱਤਰ ਵਿੱਚ 24 ਸੁਆਲ ਹਨ ਅਤੇ 7 ਛੱਪੇ ਹੋਏ ਪੰਨੇ ਹਨ ।**

| | |
|---|---|
| **Roll No.** ਰੋਲ ਨੰ: ਅੰਕਾਂ ਵਿਚ | |

**Code No. 59/SS/O/P**
ਕੋਡ ਨੰ.

**Set/ਸੈਟ - A**

# PUNJABI
# ਪੰਜਾਬੀ
# (310)

**Day and Date of Examination**
ਪਰੀਖਿਆ ਦਾ ਦਿਨ ਅਤੇ ਮਿਤੀ ________________________

**Signature of Invigilators**
ਨਿਰੀਖਕਾਂ ਦੇ ਦਸਖ਼ਤ 1. ____________________

2. ____________________

---

## ਆਮ ਹਿਦਾਇਤਾਂ :-

1 ਪਰੀਖਿਆਰਥੀ ਪ੍ਰਸ਼ਨ ਪੱਤਰ ਦੇ ਮੁਖ ਪੰਨੇ ਤੇ ਆਪਣੇ ਰੋਲ ਨੰਬਰ ਜ਼ਰੂਰ ਲਿਖਣ ।

2 ਕ੍ਰਿਪਾ ਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁਲ ਪੰਨੇ ਅਤੇ ਕੁਲ ਸੁਆਲ ਉਹੋ ਹੀ ਹਨ ਜਿਹੜੇ ਕਿ ਮੁਖ ਪੰਨੇ ਦੇ ਸਭ ਤੋਂ ਉਪਰ ਲਿਖੇ ਗਏ ਹਨ । ਇਹ ਵੀ ਵੇਖ ਲਵੋ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ ।

3 ਵਸਤੂਨਿਸ਼ਠ ਸੁਆਲਾਂ ਵਿਚ ਆਪਣੇ ਪ੍ਰਸ਼ਨ ਪੱਤਰ ਵਿਚ ਦਿਤੇ ਵਿਕਲਪਾਂ [(A), (B), (C) ਅਤੇ (D)] ਵਿਚੋਂ ਕੋਈ ਇਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿਚ ਲਿਖਣਾ ਹੈ । ਬਹੁ ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ ।

4 ਉੱਤਰ ਕਾਪੀ ਵਿਚ ਕੋਈ ਪਛਾਣ ਚਿੰਨ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਧਰੋ ਹੋਰ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰੱਦ ਕਰਨ ਤਕ ਲੈ ਜਾਵੇਗਾ ।

5 ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. **59/SS/O/P** ਸੈਟ - A ਉੱਤਰ ਕਾਪੀ ਵਿਚ ਲਿਖੋ ।

# PUNJABI

# ਪੰਜਾਬੀ

# (310)

Time : **3** Hours ] [Maximum Marks : **100**

ਸਮਾਂ : 3 ਘੰਟੇ ] [ ਕੁਲ ਅੰਕਾਂ : 100

---

ਨੋਟ : (i) ਸਭ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ । ਅੰਕ ਪ੍ਰਸ਼ਨਾਂ ਦੇ ਸਾਹਮਣੇ ਦਿੱਤੇ ਗਏ ਹਨ ।

(ii) ਪ੍ਰਸ਼ਨ ਸੰਖਿਆ (24) ਦੇ ਦੋ ਵਿੱਕਲਪ ਹਨ । ਇਨ੍ਹਾਂ ਵਿੱਚੋਂ ਇੱਕ ਵਿੱਕਲਪ ਦੇ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ ।

(iii) ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਯਤਨ ਕਰੋ ।

---

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ : **1×8=8**

1 ਭਗਤ ਰਵਿਦਾਸ ਜੀ ਅਨੁਸਾਰ ਜੋ ਕੁਝ ਵੀ ਪ੍ਰਮਾਤਮਾਂ ਨੂੰ ਭੇਂਟ ਕੀਤਾ ਜਾ ਸਕਤਾ ਹੈ, ਉਹ ਕੀ ਹੈ ?

2 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਭੈਣ ਆਪਣੇ ਛੋਟੇ ਭਾਈ ਨੂੰ ਕੀ ਦੱਸਿਆ ਕਿ ਵਾਹਿਗੁਰੂ ਤੋਂ ਕੌਣ ਡਰਦਾ ਹੈ, ਤੇ ਕੌਣ ਨਹੀਂ ?

3 ਸ਼ਃ ਗੁਰਬਖ਼ਸ ਸਿੰਘ ਆਪਣੀ ਦਾਦੀ ਜੀ ਦੇ ਅੰਤਿਮ ਭੋਗ ਤੇ ਇੱਕਠੇ ਹੋਏ ਲੋਕਾਂ ਤੋ ਉਨ੍ਹਾਂ ਦੀ ਦਿਆਲਤਾ ਦੀਆਂ ਗੱਲਾ ਸੁਣਕੇ ਕੀ ਸ਼ੋਚਣ ਲੱਗੇ ?

4 "ਖਸਮਾ ਖਾਣਾ ਸੁੱਤਾ ਪਿਆ ਵੀ ਕੁਲਫ਼ੀਆਂ ਮੰਗਦੈ" - ਕਹਾਣੀ ਕੁਲਫ਼ੀ ਵਿੱਚ ਇਹ ਸ਼ਬਦ ਕੌਣ ਕਹਿੰਦਾ ਹੈ ?

5 "ਸੱਚੇ ਪਾਤਸ਼ਾਹ, ਮੈਂ ਜਿਨ੍ਹਾਂ ਨੂੰ ਪਾਣੀ ਪਿਆਇਆ ਹੈ, ਉਨ੍ਹਾਂ ਵਿੱਚੋਂ ਮੈਨੂੰ ਕੋਈ ਵੀ ਦੁਸ਼ਮਣ ਦਿਖਾਈ ਨਹੀਂ ਦਿਤਾ ।"

ਇਹ ਸ਼ਬਦ ਸੁਣਕੇ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਿਹਾ ?

6 'ਲੋਕਗੀਤ' ਕਦੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ ?

7 ਗੁਰਮੁਖੀ ਲਿਪੀ ਵਿੱਚ 'ੳ' ਨੂੰ ਕਿੰਨੀਆ ਮਾਤਰਾਵਾਂ, 'ਅ' ਨੂੰ ਕਿੰਨੀਆ ਮਾਤਰਾਵਾਂ ਅਤੇ 'ੲ' ਨੂੰ ਕਿੰਨੀਆਂ ਮਾਤਰਾਵਾਂ ਲਗਦੀਆਂ ਹਨ ?

8 ਪੰਜਾਬੀ ਭਾਸ਼ਾ ਦੀਆਂ ਕੋਈ ਤਿੰਨ ਉੱਪ-ਭਾਸ਼ਾਵਾਂ ਦੇ ਨਾਂ ਲਿਖੋ ।

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਲਈ ਸਹੀ ਵਿਕਲਪ ਚੁਣਕੇ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ : 1×10=10

9 ਪੀਲੂ ਦੇ ਕਿਸੇ ਵਿੱਚ ਮਿਰਜਾ ਕਿਸ ਦੀ ਸਵਾਰੀ ਕਰਦਾ ਹੈ ?

(A) ਬੈਲਗਾੜੀ ਦੀ (B) ਊਂਠਾ ਦੀ

(C) ਘੋੜੇ ਦੀ (D) ਬੱਕੀ ਦੀ

10 ਅੰਮ੍ਰਿਤਾ ਪ੍ਰੀਤਮ ਕਵਿਤਾ 'ਵਾਰਸ਼ਾਹ' ਵਿੱਚ ਕਵਿਤਰੀ ਨੂੰ ਸਾਰੇ ਪੰਜਾਬੀ ਹੀ ਕੀ ਬਣ ਗਏ ਲਗਦੇ ਹਨ ?

(A) ਚੌਰ ਉੱਚ ਕੇ (B) ਗੁੰਡੇ

(C) ਕੈਦੋਂ (D) ਜ਼ਾਲਮ

11 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਬੱਚਿਆਂ ਨੂੰ ਕਿਸ ਤੋਂ ਡਰ ਲਗਦਾ ਹੈ :

(A) ਸੁੰਨਸਾਨ ਥਾਂ ਤੋਂ (B) ਜੰਗਲ ਤੋਂ

(C) ਪਠਾਣ ਤੋਂ (D) ਰਾਸ਼ੇ ਤੋਂ

12 ਇਕਾਂਗੀ ਦਾ ਪਾਤਰ 'ਰਾਮੂ' ਵਾਪਸ ਦੇਸ ਕਿਉਂ ਜਾਣਾ ਚਾਹੁੰਦਾ ਹੈ :

(A) ਵਿਆਹ ਕਰਵਾਉਣ (B) ਮਾਂ ਨੂੰ ਮਿਲਣ

(C) ਮੇਲਾ ਵੇਖਣ (D) ਆਪਣੀ ਭੈਣ ਦੀ ਸ਼ਾਦੀ ਕਰਨ

13 ਗੁਰਦੁਆਰਾ ਕੇਸਗੜ੍ਹ ਕਿੱਥੇ ਹੈ ?

(A) ਪਟਿਆਲਾ (B) ਸਰਹੰਦ

(C) ਅੰਬਾਲਾ (D) ਆਨੰਦਪੁਰ ਸਾਹਿਬ

14 ਗੱਡੀ ਚੜ੍ਹਣ ਤੋਂ ਪਹਿਲਾਂ 'ਰਾਮੂ' ਸ਼ਹਿਰ ਵਿੱਚ ਕਿਸ ਨੂੰ ਮਿਲਣਾ ਚਾਹੁੰਦਾ ਹੈ :

(A) ਕੁਲਦੀਪ ਨੂੰ (B) ਬਲਵਿੰਦਰ ਨੂੰ

(C) ਮਨਜੀਤ ਨੂੰ (D) ਤਜਿੰਦਰ ਨੂੰ

15 ਪੰਜਾਬ ਵਿੱਚ ਸਭ ਤੋਂ ਵੱਧ ਸਰਦੀ ਕਿਹੜੇ ਮਹੀਨੇ ਵਿੱਚ ਪੈਂਦੀ ਹੈ :

(A) ਮਾਘ (B) ਕੱਤਕ

(C) ਫੱਗਣ (D) ਪੋਹ

16 ਹੇਠ ਲਿਖੇ ਵਿਕਲਪਾਂ ਵਿਚੋਂ ਸਹੀ ਵਿਰੋਧੀ ਅਰਥ ਦੇਣ ਵਾਲਾ ਸ਼ਬਦ ਚੁਣੋ :

(A) ਆਸਾਨ (B) ਨਾਮੁਮਕਿਨ

(C) ਸੰਭਵ (D) ਔਖਾ

17 ਪੂਰਨ ਵਾਕ ਕਿਸ ਨੂੰ ਆਖਦੇ ਹਨ ?

(A) ਉਹ ਵਾਕ ਜਿਹੜੇ ਵਿਆਕਰਨਕ ਨਿਯਮਾਂ ਅਨੁਸਾਰ ਪੂਰਨ ਨਹੀਂ ਹੁੰਦੇ ।

(B) ਉਹ ਵਾਕ ਜਿਹੜੇ ਬੋਲ ਚਾਲ ਦੀ ਪੱਧਰ ਤੇ ਪੂਰੇ ਹੋਣ ।

(C) ਉਹ ਵਾਕ ਜਿਹੜੇ ਵਿਆਕਰਨਕ ਨਿਯਮਾਂ ਅਨੁਸਾਰ ਪੂਰਨ ਹੁੰਦੇ ਹਨ ।

(D) ਉਹ ਵਾਕ, ਜਿਹੜੇ ਕਾਰਜ ਦੀ ਪੱਧਰ ਤੇ ਵਾਕ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦੇ ਹਨ ।

18 ਹੇਠ ਦਿੱਤੇ ਸ਼ਬਦਾਂ ਵਿਚੋਂ ਉਹ ਸ਼ਬਦ ਚੁਣੋ ਜੋ ਸਮਾਨਾਰਥਕ ਨਹੀਂ ਹੈ :

'ਉਸਤੱਤ'

(A) ਸ਼ਲਾਘਾ (B) ਪ੍ਰਸੰਸਾ

(C) ਨਿੰਦਾ (D) ਉਪਮਾ

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਪਾਠਾਂ ਦੇ ਆਧਾਰ ਤੇ 30-40 ਸ਼ਬਦਾਂ ਵਿੱਚ ਲਿਖੋ : 2×10=20

19 (a) "ਫਰੀਦਾ ਕੰਨਿ ਮਸਲਾ ਸੂਫੁ ਗਲਿ ਦਿਲਕਾਤੀ ਗੁੜੁਵਾਤਿ ।
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ।।"
ਇਸ ਸ਼ਲੋਕ ਵਿੱਚ ਬਾਬਾ ਫਰੀਦ ਜੀ ਕਿਸ ਗੱਲ ਤੇ ਵਿਅੰਗ ਕੱਸ ਰਹੇ ਹਨ ?

(b) 'ਪੀਲੂ' ਦੇ ਕਿੱਸੇ 'ਮਿਰਜਾ ਸਾਹਿਬਾਂ' ਵਿੱਚ 'ਮੇਰੀ ਬੱਕੀ' ਤੋਂ ਡਰਨ ਫ਼ਰਿਸ਼ਤੇ ਤੋਂ ਕੀ ਭਾਵ ਅਰਥ ਹੈ ?

(c) 'ਪਰਮੇਸ਼ਵਰ' ਨੇ ਬਾਬੇ ਨਾਨਕ ਨੂੰ ਕੀ ਆਦੇਸ਼ ਦਿੱਤਾ ? ਵੇਈਂ ਪ੍ਰਵੇਸ਼ ਸਾਖੀ ਦੇ ਆਧਾਰ ਤੇ ਲਿਖੋ ।

(d) ਰੇਲ ਹਾਦਸੇ ਦੀ ਸੂਚਨਾਂ ਪਿੰਡ ਦੇ ਲੋਕਾਂ ਨੂੰ ਕਿਸ ਨੇ ਦਿੱਤੇ ਤੇ ਕਿਵੇਂ ?

(e) ਪੰਜਾਬੀ ਦੀਆਂ ਕੋਈ ਚਾਰ ਪ੍ਰਮੁੱਖ ਅਖ਼ਬਾਰਾਂ ਦੇ ਨਾਂ ਲਿਖੋ ।

(f) ਪੱਤਰਕਾਰੀ ਦੇ ਖੇਤਰ ਵਿੱਚ ਸੰਖੇਪਤਾ ਦੀ ਬਹੁਤ ਅਹਿਮੀਅਤ ਹੈ । ਇਸ ਬਾਰੇ ਚਾਲੀ ਕੁ ਸ਼ਬਦਾਂ ਵਿੱਚ ਲਿਖੋ ।

(g) ਸ਼ਃ ਗੁਰਬਖ਼ਸ ਸਿੰਘ ਅਨੁਸਾਰ 'ਹਿੰਸਾ' ਕੇਵਲ ਸ਼ਰੀਰਕ ਦੁੱਖ ਦੇਣਾ ਹੀ ਨਹੀਂ ਹੁੰਦਾ । ਉਹ ਹੋਰ ਕਿਹੜੀ ਕਿਹੜੀ ਗੱਲ ਨੂੰ 'ਹਿੰਸਾ' ਸਮਝਦੇ ਹਨ ?

(h) 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਬੱਚਿਆਂ ਨੂੰ ਕਿਹੜੀ ਹੱਲ ਭੈ-ਸਾਗਰ ਲਗਦੀ ਹੈ ਤੇ ਕਿਉਂ ?

(i) "ਕਾਇਰਾਂ ਵਾਂਗ ਮੈਂ ਸਦਾ ਚੁੱਪ ਹੀ ਰਿਹਾਂ ਸਾਂ ਤੇ ਹੁਣ ਵੀ ਚੁੱਪ ਹੀ ਰਹਿਣ ਦਾ ਫੈਸਲਾ ਕਿੱਤਾ" ਕੁਲਫ਼ੀ ਕਹਾਣੀ ਵਿੱਚ ਇਹ ਚੁੱਪ ਰਹਿਣ ਦਾ ਫੈਸਲਾ ਕੌਣ ਕਰਦਾ ਹੈ ਤੇ ਕਿਉਂ ?

(j) 'ਭੂਆ' ਕਹਾਣੀ ਦਾ ਲੇਖਕ ਭੂਆਂ ਦੀ ਨੂੰਹ ਦੇ ਹੱਥ ਵਿੱਚ ਅਜਿਹਾ ਕੀ ਵੇਖਦਾ ਹੈ ਕਿ ਉਸ ਦੀ ਜਾਨ ਵਿੱਚ ਜਾਨ ਆਉਂਦੀ ਹੈ ? ਇਸ ਘਟਣਾ ਬਾਰੇ 40 ਕੁ ਸ਼ਬਦਾਂ ਵਿੱਚ ਲਿਖੋ ।

20 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ : 3×5=15

(a) ਪ੍ਰਿੰਸੀਪਲ ਤੇਜਾ ਸਿੰਘ ਦੇ ਨਿਬੰਧ ਵਿੱਚ 'ਸਾਊ' ਦੇ ਕੋਈ ਦਸ ਗੁਣ ਲਿਖੋ ।

(b) "ਨਾ ਕੋ ਬੈਰੀ ਨਾਹੀਂ ਬਿਗਾਨਾ
ਸਗਲ ਸੰਗ ਹਮ ਕੋ ਬਨ ਆਈ ।।"
ਇਹ ਸਿਧਾਂਤ ਭਾਈ ਘਨ੍ਹਈਆ ਜੀ ਦੇ ਜੀਵਨ ਤੇ ਕਿੱਥੋਂ ਤੱਕ ਢੁੱਕਦਾ ਹੈ ?
100-125 ਸ਼ਬਦਾਂ ਵਿੱਚ ਲਿਖੋ ।

(c) ਪੰਜਾਬੀ ਦੇ ਬਹੁਤੇ ਤਿਉਹਾਰ ਕਿਹੜੀਆਂ ਗੱਲਾਂ ਨਾਲ ਸੰਬੰਧਤ ਹਨ ?
100-125 ਸ਼ਬਦਾਂ ਵਿੱਚ ਲਿਖੋ ।

21 ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 150-175 ਸ਼ਬਦਾਂ ਵਿੱਚ ਲਿਖੋ : 8×2=16

(a) 'ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹਉਮੈਂ - ਮੁਕਤ ਛੋਟਾ ਜੀਵ, ਹਉਮੈਂ ਵਿੱਚ ਫਸੇ ਵੱਡੇ ਜੀਵ ਨਾਲੋਂ ਕਿਤੇ ਚੰਗਾ ਹੁੰਦਾ ਹੈ' ਗੁਰੂ ਜੀ ਦੇ ਇਸ ਸਿਧਾਂਤ ਨੂੰ ਵਿਸਥਾਰ ਨਾਲ 150-175 ਸ਼ਬਦਾਂ ਵਿੱਚ ਲਿਖੋ ।

(b) 'ਮੀਡੀਆ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ', ਇਸ ਬਾਰੇ ਵਿਸਥਾਰ ਨਾਲ 150-175 ਸ਼ਬਦਾਂ ਵਿੱਚ ਲਿਖੋ ।

22 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 200 ਸ਼ਬਦਾਂ ਦਾ ਇੱਕ ਭਾਵਪੂਰਕ ਲੇਖ ਲਿਖੋ : 10

(i) ਮਨਿ ਜੀਤੈ ਜਗ ਜੀਤੁ ।

(ii) ਪੁਸਤਕਾਂ ਦੀ ਦੁਨੀਆ ।

(iii) ਭਾਰਤ ਅੱਗੇ ਨਵੀਂ ਚੁਣੌਤੀਆਂ ।

(iv) ਦੇਸ ਦੀ ਨੈਤਿਕਤਾ ਦਾ ਪਤਨਾ ।

23 ਆਪਣੇ ਇਲਾਕੇ ਵਿੱਚ ਆਬਾਦੀ ਵਧਣ ਕਾਰਨ ਸਿੱਖਿਆ ਅਧਿਕਾਰੀ ਨੂੰ ਨਵਾਂ ਸਕੂਲ ਖੋਲਣ ਲਈ ਬਿਨੈ ਪੱਤਰ ਲਿਖੋ । 6

ਜਾਂ

ਆਪਣੇ ਰਾਜ ਦੇ ਮੁੱਖ ਮੰਤਰ ਜੀ ਨੂੰ ਪੱਤਰ ਲਿਖਕੇ ਵਧ ਰਹੇ ਭ੍ਰਿਸ਼ਟਾਚਾਰ ਦੀ ਰੋਕਥਾਮ ਲਈ ਬੇਨਤੀ ਕਰੋ ।

## ਵਿੱਕਲਪ - I (ਅਨੁਵਾਦ)

**24** ਨੋਟ : ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ : **5×3=15**

(a) ਅਨੁਵਾਦ ਚਾਰੀਂ ਭਾਸ਼ਾ ਲਗਾਤਾਰ ਵਿਕਾਸ ਕਰਦੀ ਹੈ । ਇਸ ਬਾਰੇ 100-125 ਸ਼ਬਦਾਂ ਵਿੱਚ ਲਿਖੋ ।

(b) ਅਨੁਵਾਦ ਕਰਨ ਸਮੇਂ ਦੋ ਭਾਸੀਏ ਦੀ ਮਾਨਸਿਕਤਾ ਵਿੱਚ ਕਿਹੜੀਆਂ ਤਿੰਨ ਪ੍ਰਕ੍ਰਿਆਵਾਂ ਸਮਾਨਾਤਰ ਚਲਦੀਆਂ ਹਨ ।

(c) ਮਾਨਵ ਕੰਪਿਊਟਰ ਸਹਿਭਾਗਤਾ ਬਾਰੇ 100-125 ਸ਼ਬਦਾਂ ਵਿੱਚ ਲਿਖੋ ।

## ਵਿੱਕਲਪ - II (ਪੰਜਾਬੀ ਸਿਨੇਮਾ)

(a) ਹਿੰਦੀ ਸਿਨੇਮਾ ਵਿੱਚ ਜਿਹੜੀਆਂ ਪੰਜਾਬੀ ਹਸਤੀਆਂ ਕਾਰਜਸ਼ੀਲ ਰਹੀਆਂ, ਉਨ੍ਹਾਂ ਵਿੱਚ ਕੋਈ 20 ਹਸਤੀਆਂ ਦੇ ਨਾਂ ਲਿਖੋ । **5×3=15**

(b) ਪਰਵਾਸੀ ਪੰਜਾਬੀਆਂ ਬਾਰੇ ਬਣੀ ਫਿਲਮ "ਜੀ ਆਇਆਂ ਨੂੰ" ਬਾਰੇ ਇੱਕ ਪੈਰਾ ਲਿਖੋ ।

(c) ਕਿਹਾ ਜਾਂਦਾ ਹੈ ਕਿ ਗੁਰਦਾਸਮਾਨ ਸੂਫੀ ਪਰੰਪਰਾ ਨੂੰ ਆਧੁਨਿਕ ਸਮਿਆਂ ਵਿੱਚ ਜਿਉਂਦਾ ਰਖਣ ਵਾਲਾ ਗਾਇਕ ਹੈ । ਉਸ ਬਾਰੇ ਇੱਕ ਪੈਰਾ ਲਿਖੋ ।

---